## ਪੰਜਾਬ ਵਿਧਾਨ ਸਭਾ ਸਕੱਤਰੇਤ

ਅਨੁਪੂਰਕ **ਸੂਚੀ**- **ਮੰਗਲਵਾਰ**, ਮਿਤੀ, 12 ਮਾਰਚ, 2024

**ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਬੈਠਕ ਲਈ ਬਿਨਾਂ ਨਿਸ਼ਾਨ (ਨਿਸ਼ਾਨ ਵਾਲੇ ਪ੍ਰਸ਼ਨਾਂ ਤੋਂ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨਾਂ ਵਿੱਚ ਤਬਦੀਲ ਕੀਤੇ ਗਏ )**

**ਪ੍ਰਸ਼ਨਾਂ ਦੀ ਸੂਚੀ**

**ਸਾਲ 2023 ਦੌਰਾਨ ਹੜਾਂ ਤੋਂ ਪ੍ਰਭਾਵਿਤ ਜ਼ਮੀਨ ਮਾਲਕਾਂ ਅਤੇ ਖੇਤ ਮਜ਼ਦੂਰਾਂ ਨੂੰ ਮੁਆਵਜ਼ਾ ਦੇਣਾ**

***926(ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ**

ਕੀ ਮਾਲ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

ੳ) ਸਾਲ 2023 ਦੌਰਾਨ ਆਏ ਹੜ੍ਹਾਂ ਨਾਲ ਪੰਜਾਬ ਦਾ ਕੁੱਲ ਕਿੰਨਾ ਰਕਬਾ ਪ੍ਰਭਾਵਿਤ ਹੋਇਆ ਹੈ; ਫਸਲ-ਵਾਈਜ਼ ਅਤੇ ਜਿਲ੍ਹਾ-ਵਾਰ ਇਸ ਦੇ ਵਰਵੇ ਕੀ ਹਨ;

ਅ) ਸਾਲ 2023 ਦੌਰਾਨ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਸਰਕਾਰ ਵੱਲੋਂ ਹੜ੍ਹਾਂ ਕਾਰਨ ਹੋਏ ਘਰਾਂ ਦੇ ਨੁਕਸਾਨ ਅਤੇ ਪਾਲਤੂ ਜਾਨਵਰਾਂ (ਪਸ਼ੂਆਂ) ਦੇ ਨੁਕਸਾਨ ਲਈ ਰਾਜ ਵਿੱਚ ਜ਼ਿਲ੍ਹਾ-ਵਾਰ ਵੱਖ-ਵੱਖ ਕੁੱਲ ਕਿੰਨਾਂ ਮੁਆਵਜ਼ਾ ਦਿੱਤਾ ਗਿਆ;

ੲ) ਕੀ ਇਹਨਾਂ ਹੜ੍ਹਾਂ ਦੌਰਾਨ ਰਾਜ ਵਿੱਚ ਕੋਈ ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਨੂੰ ਜ਼ਿਲ੍ਹਾਵਾਰ ਦਿੱਤੇ ਗਏ ਮੁਆਵਜ਼ੇ ਦੇ ਵੇਰਵੇ ਕੀ ਹਨ;

ਸ) ਇਸ ਦੌਰਾਨ ਰਾਹਤ ਅਤੇ ਬਚਾਅ ਦੇ ਕੀ ਉਪਰਾਲੇ ਕੀਤੇ ਗਏ?

**ਰੋਪੜ ਦੀਆਂ ਸਰਕਾਰੀ ਮਾਈਨਿੰਗ ਖੱਡਾਂ ਦੇ ਵੇਰਵੇ**

***927(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ:-**

ਕੀ ਮਾਈਨਜ਼ ਅਤੇ ਜਿਓਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਸ ਵਕਤ ਜਿਲ੍ਹਾ ਰੋਪੜ ਵਿੱਚ ਕਿੰਨੀਆਂ ਸਰਕਾਰੀ ਮਾਈਨਿੰਗ ਖੱਡਾਂ ਚੱਲ ਰਹੀਆਂ ਹਨ ;

ਅ) ਸਰਕਾਰ ਵੱਲੋਂ ਮਾਰਚ, 2022 ਤੋਂ ਹੁਣ ਤੱਕ ਅਲਾਟ ਕੀਤੀਆਂ ਖੱਡਾਂ ਅਤੇ ਜਿਨ੍ਹਾਂ ਪਾਰਟੀਆਂ ਨੂੰ ਇਹ ਅਲਾਟ ਕੀਤੀਆਂ ਹਨ ਉਨ੍ਹਾਂ ਦੀ ਗਿਣਤੀ ਅਤੇ ਪ੍ਰਤੀ ਸਾਲ ਇਨ੍ਹਾਂ ਤੋਂ ਕੁੱਲ ਕਿੰਨੀ ਆਮਦਨ ਹੋਈ; ਵੇਰਵੇ ਸਹਿਤ ਦੱਸਿਆ ਜਾਵੇ?

**ਰੈਡ ਕੈਟਾਗਿਰੀ ਇੰਡਸਟਰੀ ਨੂੰ ਪ੍ਰਵਾਨਗੀ ਦੇਣਾ**

***929(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਜਿੱਥੇ ਹੁਣ ਤੱਕ ਰੈੱਡ ਕੈਟਾਗਿਰੀ ਇੰਡਸਟਰੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ; ਉਹਨਾਂ ਦੇ ਨਾਵਾਂ ਅਤੇ ਸਥਾਨਾਂ ਸਮੇਤ ਵੇਰਵੇ ਕੀ ਹਨ;

**ਅ**) ਕੀ ਜ਼ਿਲ੍ਹਾ ਗੁਰਦਾਸਪੁਰ ਦੇ ਰਾਖਵੇਂ ਰੈੱਡ ਜ਼ੋਨ ਖੇਤਰ ਵਿੱਚ ਉਦਯੋਗ ਸਥਾਪਤ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

**ੲ**) 'ਰੈੱਡ-ਜ਼ੋਨ' ਏਰੀਆ' ਦੀ ਸ਼੍ਰੇਣੀ ਨਾਲ ਜੁੜੇ ਸਿਹਤ ਸਬੰਧੀ ਖਤਰਿਆਂ ਤੋਂ ਖੇਤਰ ਦੇ ਲੋਕਾਂ ਨੂੰ ਸੁਰੱਖਿਅਤ ਕਰਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼/ਹਦਾਇਤਾਂ ਕੀ ਹਨ?

**ਕੇਂਦਰ ਸਰਕਾਰ ਵੱਲੋਂ ਸਪਾਂਸਰਡ ਸਕੀਮਾਂ ਦੇ ਵੇਰਵੇ**

***932(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ:-**

ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

**ੳ**) ਸਾਲ 2022-23 ਅਤੇ 2023-24 ਦੌਰਾਨ ਕੇਂਦਰ ਵੱਲੋਂ ਸਪਾਂਸਰਡ ਸਕੀਮਾਂ ਦੇ ਸਕੀਮ-ਵਾਰ ਵੇਰਵੇ ਕੀ ਹਨ ਅਤੇ ਪੰਜਾਬ ਰਾਜ ਦੁਆਰਾ ਅਜਿਹੀਆਂ ਸਕੀਮਾਂ ਲਈ ਨਿਰਧਾਰਿਤ ਕੀਤੇ ਗਏ ਅਤੇ ਵਰਤੇ ਗਏ ਫੰਡਾਂ ਦੇ ਵੇਰਵੇ ਕੀ ਹਨ;

**ਅ**) ਮੈਚਿੰਗ ਗ੍ਰਾਂਟਸ ਦਾ ਯੋਗਦਾਨ ਨਾ ਪਾਉਣ ਕਾਰਨ ਅਜਿਹੀਆਂ ਸਕੀਮਾਂ ਜਿਹਨਾਂ ਦਾ ਲਾਭ ਨਹੀਂ ਲਿਆ ਜਾ ਸਕਿਆ ਦੇ ਵੇਰਵੇ ਕੀ ਹਨ?

**ਸਰਕਾਰ ਦੁਆਰਾ ਸੱਤਾ ਵਿੱਚ ਆਉਣ ਤੋਂ ਬਾਅਦ ਅੱਜ ਤੱਕ ਲਏ ਗਏ ਕਰਜ਼ੇ ਦੇ ਵੇਰਵੇ**

***933(ਸੀ.ਯੂ.) ਸ. ਪ੍ਰਤਾਪ ਸਿੰਘ ਬਾਜਵਾ:-**

ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੁਆਰਾ ਸੱਤਾ ਵਿੱਚ ਆਉਣ ਤੋਂ ਬਾਅਦ ਅੱਜ ਤੱਕ ਲਏ ਗਏ ਕਰਜ਼ੇ ਨੂੰ ਜਾਇਜ਼ ਠਹਿਰਾਉਣ ਅਤੇ ਇਸ ਦੀ ਵਰਤੋਂ ਬਾਰੇ ਸਪਸ਼ਟ ਕਰਣਗੇ ?

**ਸਰਹਿੰਦ ਫੀਡਰ ਕੈਨਾਲ ਅਤੇ ਰਾਜਸਥਾਨ ਫੀਡਰ ਕੈਨਾਲ ਉੱਪਰ ਬਣੇ ਤੰਗ ਪੁੱਲ ਨੂੰ ਚੌੜਾ ਕਰਨਾ**

***942(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਦੱਸਣਗ ਕਿ ਕੀ ਇਹ ਠੀਕ ਹੈ ਕਿ ਹਲਕਾ ਫਰੀਦਕੋਟ ਵਿੱਚ ਪੈਂਦੀ ਲਿੰਕ ਸੜਕ ਪੱਖੀ ਕਲਾਂ-ਮੋਰਾਂ ਵਾਲੀ-ਚੰਦਬਾਜਾ ਉੱਪਰ ਦੋ ਵੱਡੀਆਂ ਨਹਿਰਾਂ ਸਰਹਿੰਦ ਫੀਡਰ ਕੈਨਾਲ ਅਤੇ ਰਾਜਸਥਾਨ ਫੀਡਰ ਕੈਨਾਲ ਉੱਪਰ ਇੱਕ ਤੰਗ ਪੁਲ ਬਣਿਆ ਹੋਇਆ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਪੁੱਲ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**2023-24 ਦੌਰਾਨ ਹੜ੍ਹਾਂ ਕਾਰਨ ਹੋਏ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣਾ**

***959(ਸੀ.ਯੂ.) ਡਾ. ਰਾਜ ਕੁਮਾਰ:-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ 2023-24 ਦੌਰਾਨ ਹੜ੍ਹਾਂ ਕਾਰਨ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਲਈ ਮੁਆਵਜ਼ੇ ਦੀ ਜ਼ਿਲਾਵਾਰ ਕੁੱਲ ਕਿੰਨੀ ਰਕਮ ਵੰਡੀ ਗਈ ਅਤੇ ਸਰਕਾਰ ਦੁਆਰਾ ਕੀ ਮਾਪਦੰਡ ਅਪਣਾਏ ਗਏ?

**ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ (ਐੱਨ. ਸੀ. ਏ. ਪੀ.) ਤਹਿਤ ਅੰਮ੍ਰਿਤਸਰ ਨੂੰ ਅਲਾਟ ਕੀਤੇ ਫੰਡਾਂ ਦੇ ਵੇਰਵੇ**

***966(ਸੀ.ਯੂ.) ਸ਼੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ (ਐੱਨ. ਸੀ. ਏ. ਪੀ.) ਤਹਿਤ ਅੰਮ੍ਰਿਤਸਰ ਨਗਰ ਨਿਗਮ ਨੂੰ ਅਲਾਟ ਕੀਤੇ ਗਏ ਕੁੱਲ ਫੰਡ ਦੀ ਰਕਮ ਕਿੰਨੀ ਹੈ;

**ਅ)** ਅੰਮ੍ਰਿਤਸਰ ਸ਼ਹਿਰ ਵਿੱਚ ਇਸ ਪ੍ਰੋਗਰਾਮ ਤਹਿਤ ਕਿਹੜੇ ਵੱਖ-ਵੱਖ ਪ੍ਰੋਜੈਕਟ ਸ਼ੁਰੂ ਅਤੇ ਪੂਰੇ ਕੀਤੇ ਗਏ ਹਨ?

**ਸਮਾਰਟ ਸਿਟੀ ਮਿਸ਼ਨ ਤਹਿਤ ਅੰਮ੍ਰਿਤਸਰ ਨਗਰ ਨਿਗਮ ਵਿੱਚ ਸ਼ੁਰੂ ਕੀਤੇ ਪੋ੍ਰਜੈਕਟਾਂ ਦੇ ਵੇਰਵੇ**

***967(ਸੀ.ਯੂ.) ਸ਼੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਮਾਰਟ ਸਿਟੀ ਮਿਸ਼ਨ ਤਹਿਤ ਅੰਮ੍ਰਿਤਸਰ ਨਗਰ ਨਿਗਮ ਨੂੰ ਕੁੱਲ੍ਹ ਕਿੰਨਾ ਫੰਡ ਅਲਾਟ ਕੀਤਾ ਗਿਆ ਹੈ;

**ਅ)** ਅੰਮ੍ਰਿਤਸਰ ਸ਼ਹਿਰ ਵਿੱਚ ਇਸ ਮਿਸ਼ਨ ਤਹਿਤ ਸ਼ੁਰੂ ਕੀਤੇ ਗਏ, ਮੁਕੰਮਲ ਕੀਤੇ ਗਏ ਅਤੇ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਦਾ ਵੇਰਵਾ ਕੀ ਹੈ; ਅਤੇ

**ੲ)** ਕੰਮਾਂ ਅਤੇ ਪ੍ਰੋਜੈਕਟਾਂ ਨੂੰ ਅੰਤਿਮ ਰੂਪ ਦੇਣ ਦੇ ਉਦੇਸ਼ ਨਾਲ ਅਜਿਹੇ ਪ੍ਰੋਜੈਕਟਾਂ ਦੀ ਚੋਣ ਕਰਨ ਲਈ ਕੀ ਮਾਪਦੰਡ ਹੈ?

**ਸ੍ਰੀ ਮੁਕਤਸਰ ਸਾਹਿਬ ਵਿਖੇ ਸਫਾਈ ਵਿਵਸਥਾ ਦਾ ਪ੍ਰਬੰਧ ਕਰਨਾ**

***974(ਸੀ.ਯੂ.) ਸ. ਜਗਦੀਪ ਸਿੰਘ ਕਾਕਾ ਬਰਾੜ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਦੱਸਣਗੇ ਕਿ ਸ੍ਰੀ ਮੁਕਤਸਰ ਸਾਹਿਬ ਅਤੇ ਅਬੋਹਰ ਪੰਜਾਬ ਦੇ ਅਜਿਹੇ ਦੋ ਸ਼ਹਿਰ ਹਨ ਜ਼ੋ ਇੰਡੀਆਂ ਦੇ ਸਭ ਤੋਂ ਗੰਦੇ ਸ਼ਹਿਰਾਂ ਦੀ ਸੂਚੀ ਵਿੱਚ ਆਏ ਸਨ; ਇਸ ਗੰਦਗੀ ਦੇ ਕਲੰਕ ਨੂੰ ਦੂਰ ਕਰਨ ਲਈ ਵਿਭਾਗ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਏ ਹੈ; ਸ੍ਰੀ ਮੁਕਤਸਰ ਸਾਹਿਬ ਦੀ ਸਫਾਈ ਵਿਵਸਥਾ ਸਹੀ ਢੰਗ ਨਾਲ ਕਰਨ ਲਈ ਸਫਾਈ ਸੇਵਕਾਂ ਦੀ ਭਰਤੀ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਖੇਤੀਬਾੜੀ ਪਾਲਿਸੀ ਬਣਾਉਣਾ।**

***982(ਸੀ.ਯੂ.) ਸ. ਸੁਖਜਿੰਦਰ ਸਿੰਘ ਰੰਧਾਵਾ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੌਜੂਦਾ ਸਰਕਾਰ ਵੱਲੋਂ ਕੋਈ ਨਵੀਂ ਖੇਤੀਬਾੜੀ ਪਾਲਿਸੀ ਬਣਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਪਾਲਿਸੀ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਘਨੌਲੀ, ਰੋਪੜ ਦੀ ਸਵਾਹ ਕਾਰਨ ਫੈਲ ਰਹੇ ਪ੍ਰਦੂਸ਼ਣ ਨੂੰ ਰੋਕਣਾ।**

***985(ਸੀ.ਯੂ.) ਸ਼੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ, ਘਨੌਲੀ, ਰੋਪੜ ਦੀ ਸਵਾਹ ਉੱਡ ਕੇ ਲਾਗਲੇ ਪਿੰਡਾਂ ਵਿਚ ਡਿਗਣ ਕਾਰਨ ਫੈਲ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਕੀ ਕੀ ਕਦਮ ਉਠਾਏ ਗਏ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਸ ਨੂੰ ਰੋਕਣ ਦੀ ਕੀ ਯੋਜਨਾ ਹੈ?

**ਸ਼ਹਿਰਾਂ ਦੇ ਵਿਕਾਸ ਲਈ ਵੰਡੀਆਂ ਗ੍ਰਾਂਟਾਂ ਦੇ ਵੇਰਵੇ**

***991(ਸੀ.ਯੂ.) ਸ. ਸੁਖਜਿੰਦਰ ਸਿੰਘ ਰੰਧਾਵਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਮੌਜੂਦਾ ਸਰਕਾਰ ਦੁਆਰਾ ਹੁਣ ਤੱਕ ਸ਼ਹਿਰੀ/ਅਰਧ ਸ਼ਹਿਰੀ ਖੇਤਰਾਂ ਵਿੱਚ ਨਗਰ ਪਾਲਿਕਾ, ਨਗਰ ਕੌਂਸਲ ਅਤੇ ਨਗਰ ਪੰਚਾਇਤਾਂ-ਵਾਰ ਕੁੱਲ ਕਿੰਨੀਆਂ ਵਿਕਾਸ ਸਬੰਧੀ ਗ੍ਰਾਂਟਾਂ ਵੰਡੀਆਂ/ਜਾਰੀ ਕੀਤੀਆ ਗਈਆਂ ਹਨ?

**ਰਾਜ ਵਿੱਚ ਅਵਾਰਾ ਕੁੱਤਿਆਂ ਦੀ ਵੱਧ ਰਹੀ ਗਿਣਤੀ ਨੂੰ ਨਿਯੰਤਰਿਤ ਕਰਨਾ**

***992(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਕੀ ਸਰਕਾਰ ਵੱਲੋਂ ਰਾਜ ਵਿੱਚ ਅਵਾਰਾ ਕੁੱਤਿਆਂ ਦੇ ਕੱਟਣ ਦੇ ਮਾਮਲਿਆਂ ਵਿੱਚ ਹੋ ਰਹੇ ਭਾਰੀ ਵਾਧੇ ਨੂੰ ਠੱਲ੍ਹ ਪਾਉਣ ਲਈ ਕੁੱਤਿਆਂ ਦੀ ਵੱਧ ਰਹੀ ਗਿਣਤੀ ਨੂੰ ਨਿਯੰਤਰਿਤ ਕਰਨ ਲਈ ਕੋਈ ਕਾਰਵਾਈ ਕੀਤੀ ਗਈ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਵੱਲੋਂ ਇਸ ਸਬੰਧੀ ਮਾਨਯੋਗ 'ਪੰਜਾਬ ਅਤੇ ਹਰਿਆਣਾ ਹਾਈਕੋਰਟ' ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਗਈ ਹੈ; ਕੀ ਅਜਿਹੇ ਪੀੜਤਾਂ ਨੂੰ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ) ਲਈ ਭਰਤੀ ਕੀਤੇ ਕਰਮਚਾਰੀਆਂ ਦੇ ਵੇਰਵੇ**

***994(ਸੀ.ਯੂ.) ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਰਾਜ ਵਿੱਚ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ) ਦੀ ਸ਼ੁਰੂਆਤ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਬਜਟ ਦੇ ਵੇਰਵੇ ਕੀ ਹਨ;

ਅ) ਸਰਕਾਰ ਦੁਆਰਾ ਐਸ.ਐਸ.ਐਫ ਲਈ ਭਰਤੀ ਕੀਤੇ ਗਏ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ;

ੲ) ਕੀ ਐਸ.ਐਸ.ਐਫ ਵਿੱਚ ਆਪਾਤਕਾਲੀਨ ਸੇਵਾਵਾਂ ਪ੍ਰਦਾਨ ਕਰਨ ਲਈ ਪੈਰਾਮੈਡਿਕਸ ਸ਼ਾਮਲ ਹਨ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਹਨਾਂ ਨੂੰ ਆਪਾਤਕਾਲੀਨ ਸਿਹਤ ਸਥਿਤੀਆਂ ਨਾਲ ਨਜਿੱਠਣ ਅਤੇ ਜਾਨਾਂ ਬਚਾਉਣ ਲਈ ਦਿੱਤੀ ਗਈ ਸਿਖਲਾਈ ਦੇ ਵੇਰਵੇ ਕੀ ਹਨ ਅਤੇ ਐਸ.ਐਸ.ਐਫ ਲਾਂਚ ਕੀਤੇ ਜਾਣ ਤੋਂ ਬਾਅਦ ਹੁਣ ਤੱਕ ਬਚਾਈਆਂ ਗਈਆਂ ਜਾਨਾਂ ਦੀ ਗਿਣਤੀ ਕਿੰਨੀ ਹੈ?

**ਪੀ.ਆਈ.ਐਮ.ਐਸ. ਜਲੰਧਰ ਨੂੰ ਸਰਕਾਰੀ ਹਸਪਤਾਲ ਵਜੋਂ ਚਲਾਉਣਾ**

***997(ਸੀ.ਯੂ.) ਸ਼੍ਰੀ ਵਿਕਰਮਜੀਤ ਸਿੰਘ ਚੌਧਰੀ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਪੀ.ਆਈ.ਐਮ.ਐਸ.), ਜਲੰਧਰ ਨੂੰ ਸਰਕਾਰ ਵੱਲੋਂ ਚਲਾਏ ਜਾਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ; ਜੇਕਰ ਹਾਂ, ਤਾਂ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਪੀ.ਆਈ.ਐਮ.ਐਸ) ਨੂੰ ਸਰਕਾਰ ਵੱਲੋਂ ਅਪਣੇ ਅਧਿਕਾਰ ਵਿੱਚ ਲੈਣ ਅਤੇ ਇਸ ਨੂੰ ਇੱਕ ਸਰਕਾਰੀ ਹਸਪਤਾਲ ਵਜੋਂ ਚਲਾਉਣ ਲਈ ਕਿਹੜੇ ਕਦਮ ਚੁੱਕੇ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਹਲਕਾ ਬੰਗਾ ਦੀਆਂ ਸਹਿਕਾਰੀ ਖੇਤੀਬਾੜੀ ਸਭਾਵਾਂ ਦੇ ਵੇਰਵੇ**

***1002(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

**ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਬੰਗਾ (ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਸਹਿਕਾਰੀ ਖੇਤੀਬਾੜੀ ਸਭਾਵਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਤੇ ਕਿਹੜੀਆਂ-ਕਿਹੜੀਆਂ ਸਹਿਕਾਰੀ ਖੇਤੀਬਾੜੀ ਸਭਾਵਾਂ ਬੰਦ ਪਈਆਂ ਹਨ; ਵੇਰਵੇ ਸਹਿਤ ਦੱਸਿਆ ਜਾਵੇ?**

**ਸਾਲ 2023-2024 ਦੌਰਾਨ ਜੇਲ੍ਹ ਵਾਰਡਨਾਂ ਦੀ ਭਰਤੀ ਦੇ ਵੇਰਵੇ**

***1003(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਸਾਲ 2023 ਅਤੇ 2024 ਵਿੱਚ ਕਿੰਨੇ ਜੇਲ੍ਹ ਵਾਰਡਨਾਂ ਦੀ ਭਰਤੀ ਕੀਤੀ ਗਈ ਹੈ ਅਤੇ ਇਸ ਭਰਤੀ ਲਈ ਕੀ-ਕੀ ਮਾਪਦੰਡ (Criteria) ਰੱਖਿਆ ਗਿਆ ਸੀ; ਵੇਰਵੇ ਸਹਿਤ ਦੱਸਿਆ ਜਾਵੇ?

**ਦੀਨਾਨਗਰ ਮਿਉਂਸਿਪਲ ਕਮੇਟੀ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੇ ਵੇਰਵੇ**

***1013(ਸੀ.ਯੂ.) ਸ਼੍ਰੀਮਤੀ ਅਰੁਣਾ ਚੌਧਰੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਦੀਨਾਨਗਰ ਮਿਉਂਸਿਪਲ ਕਮੇਟੀ ਵਿੱਚ ਸ਼੍ਰੇਣੀ-ਵਾਰ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਇਸ ਸਮੇਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ;

ਅ) ਇਹਨਾਂ ਖਾਲੀ ਅਸਾਮੀਆਂ ਨੂੰ ਸਰਕਾਰ ਵੱਲੋਂ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਮਿਉਂਸਿਪਲ ਕਾਰਪੋਰੇਸ਼ਨ ਜਲੰਧਰ ਵਿੱਚ ਸਮਾਰਟ ਸਿਟੀ ਪ੍ਰੋਜੈਕਟਾਂ ਦੇ ਵੇਰਵੇ**

***1015(ਸੀ.ਯੂ.) ਸ਼੍ਰੀ. ਅਵਤਾਰ ਸਿੰਘ ਜੂਨੀਅਰঃ-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮਿਉਂਸਿਪਲ ਕਾਰਪੋਰੇਸ਼ਨ ਜਲੰਧਰ ਵਿੱਚ ਸਮਾਰਟ ਸਿਟੀ ਪ੍ਰੋਜੈਕਟਾਂ ਤਹਿਤ ਵੱਖ-ਵੱਖ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ; ਜੇਕਰ ਹਾਂ ਤਾਂ ਹੇਠ ਲਿਖੇ ਵੱਖ-ਵੱਖ ਪ੍ਰੋਜੈਕਟਾਂ ਦੇ ਵੇਰਵੇ ਦਿੱਤੇ ਜਾਣ ;

1. ਬਰਲਟਨ ਪਾਰਕ ਸਪੋਰਟਸ ਹੱਬ,
2. ਸਰਫੇਸ ਵਾਟਰ,
3. ਵਰਿਆਨਾ ਬਾਇਓ-ਮਾਈਨਿੰਗ ਪ੍ਰੋਜੈਕਟ;

ਅ) ਉਪਰੋਕਤ ਪ੍ਰੋਜੈਕਟ ਦੀ ਕੁੱਲ ਲਾਗਤ, ਵੰਡ ਦੀ ਮਿਤੀ/ਪ੍ਰੋਜੈਕਟ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਉਪੋਰਕਤ ਪ੍ਰੋਜੈਕਟਾਂ ਦੀ ਮੌਜੂਦਾ ਸਥਿਤੀ ਕੀ ਹੈ ?

**ਹਲਕਾ ਸਨੌਰ ਦੀਆਂ ਸੜਕਾਂ ਦੀ ਰਿਪੇਅਰ/ਚੌੜੀਆਂ ਕਰਨਾ**

***1030(ਸੀ.ਯੂ.) ਸ. ਹਰਮੀਤ ਸਿੰਘ ਪਠਾਣਮਾਜਰਾঃ-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸਨੌਰ ਦੀਆਂ ਸੜਕਾਂ ਦੀ ਹਾਲਤ ਬਹੁਤ ਖਰਾਬ ਹੋਣ ਕਰਕੇ ਸਰਕਾਰ ਇਨ੍ਹਾਂ ਸੜਕਾਂ ਦੀ ਰਿਪੇਅਰ/ ਚੌੜੀਆਂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਕਦੋਂ ਤੱਕ?

**ਹਲਕਾ ਸਨੌਰ ਦੇ ਸੂਏ ਪੱਕੇ ਕਰਨਾ**

***1031(ਸੀ.ਯੂ.) ਸ. ਹਰਮੀਤ ਸਿੰਘ ਪਠਾਣਮਾਜਰਾঃ-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਹਲਕਾ ਸਨੌਰ ਅੰਦਰ ਸੂਏ ਪੱਕੇ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਰੱਖਦੀ ਹੈ ਤਾਂ ਕਦੋਂ ਤੱਕ;

ਅ) ਜਿਹੜੇ ਪਿੰਡ ਸੂਇਆਂ ਨਾਲ ਅਜੇ ਤੱਕ ਜੋੜੇ ਨਹੀਂ ਗਏ, ਉਹ ਕਦੋਂ ਤੱਕ ਜੋੜ ਦਿੱਤੇ ਜਾਣਗੇ?

**ਹਲਕਾ ਸਨੌਰ ਵਿਖੇ ਇੰਡਸਟਰੀ ਸਥਾਪਿਤ ਕਰਨਾ**

***1032(ਸੀ.ਯੂ.) ਸ. ਹਰਮੀਤ ਸਿੰਘ ਪਠਾਣਮਾਜਰਾঃ-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸਨੌਰ ਵਿਖੇ ਇੰਡਸਟਰੀ ਲਗਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਕਦੋਂ ਤੱਕ?

**ਹਲਕਾ ਸਨੌਰ ਵਿੱਖੇ ਕਾਲਜ ਖੋਲ੍ਹਣਾ**

***1033(ਸੀ.ਯੂ.) ਸ. ਹਰਮੀਤ ਸਿੰਘ ਪਠਾਣਮਾਜਰਾঃ-**

ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸਨੌਰ ਵਿਖੇ ਕਾਲਜ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਹਲਕਾ ਖਡੂਰ ਸਾਹਿਬ ਦੀਆਂ ਸਹਿਕਾਰੀ ਸਭਾਵਾਂ ਵਲੋਂ ਦਿੱਤੇ ਕਰਜੇ ਦੇ ਵੇਰਵੇ**

***1037(ਸੀ.ਯੂ.) ਸ. ਮਨਜਿੰਦਰ ਸਿੰਘ ਲਾਲਪੁਰਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਹਲਕਾ ਖਡੂਰ ਸਾਹਿਬ ਵਿੱਚ ਕੁਲ ਕਿੰਨੀਆਂ ਸਹਿਕਾਰੀ ਸਭਾਵਾਂ ਚੱਲ ਰਹੀਆਂ ਹਨ ਅਤੇ ਉਨਾਂ ਦੁਆਰਾ ਕਿੰਨ੍ਹਾਂ-ਕਿੰਨ੍ਹਾਂ ਕਰਜਾ ਕਿਹੜੇ-ਕਿਹੜੇ ਮੈਂਬਰ ਨੂੰ ਦਿੱਤਾ ਗਿਆ ਹੈ;

**ਅ**) ਜਿਨ੍ਹਾਂ ਮੈਂਬਰਾਂ ਨੂੰ ਕਰਜਾ ਦਿੱਤਾ ਗਿਆ ਹੈ ਕੀ ਉਨ੍ਹਾਂ ਤੋਂ ਪੂਰੀ ਰਿਕਵਰੀ ਹੋ ਗਈ ਹੈ, ਜੇਕਰ ਨਹੀਂ ਤਾਂ ਇਸ ਸਬੰਧੀ ਵਿਭਾਗ ਵੱਲੋ ਕੀ ਕਾਰਵਾਈ ਕੀਤੀ ਜਾ ਰਹੀ ਹੈ ; ਵੇਰਵੇ ਸਹਿਤ ਦੱਸਿਆ ਜਾਵੇ?

**ਬਿਆਸ ਦਰਿਆ ਨਾਲ ਲੱਗਦੇ ਪਿੰਡ ਧੂੰਦੇ ਤੋਂ ਪਿੰਡ ਕੰਬੋ ਤੱਕ ਪੱਕਾ ਬੰਨ੍ਹ ਬਣਾਉਣਾ**

***1039(ਸੀ.ਯੂ.) ਸ. ਮਨਜਿੰਦਰ ਸਿੰਘ ਲਾਲਪੁਰਾ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ  ਹਲਕਾ ਖਡੂਰ ਸਾਹਿਬ ਵਿੱਚ ਬਿਆਸ ਦਰਿਆ ਨਾਲ ਲੱਗਦੇ ਪਿੰਡ ਧੂੰਦੇ ਤੋਂ ਲੈ ਕੇ ਪਿੰਡ ਕੰਬੋ ਤੱਕ ਕਿਸਾਨਾਂ ਦੀ ਜਮੀਨਾਂ ਨੂੰ ਦਰਿਆ ਦੇ ਪਾਣੀ ਦੀ ਮਾਰ ਤੋਂ ਬਚਾਉਣ ਲਈ ਕੀ ਸਰਕਾਰ ਕੋਈ ਪੱਕਾ ਬੰਨ੍ਹ ਬਣਾਉਣ ਦਾ ਵਿਚਾਰ ਰੱਖਦੀ ਹੈ;  ਜੇਕਰ ਹਾਂ ਤਾਂ ਕਦੋ ਤੱਕ?

**ਪਿੰਡ ਫਤਿਆਬਾਦ ਤੋਂ ਮਾਣਕਦੇਕੇ  ਸੜਕ (ਲਗਭਗ 5.56 ਕਿਲੋਮੀਟਰ) ਦੀ ਰਿਪੇਅਰ ਕਰਨਾ**

***1040(ਸੀ.ਯੂ.) ਸ. ਮਨਜਿੰਦਰ ਸਿੰਘ ਲਾਲਪੁਰਾ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖਡੂਰ ਸਾਹਿਬ ਵਿੱਚ ਪਿੰਡ ਫਤਿਆਬਾਦ ਤੋਂ ਮਾਣਕਦੇਕੇ ਸੜਕ (ਲਗਭਗ 5.56 ਕਿਲੋਮੀਟਰ ਦੀ ਲੰਬਾਈ)  ਦੀ ਹਾਲਤ ਬੁਹਤ ਜਿਆਦਾ ਖਰਾਬ ਹੋ ਚੁਕੀ ਹੈ, ਜਿਸ ਦੀ ਰਿਪਅੇਰ ਸਾਲ 2016 ਤੋਂ ਡਿਊ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸੜਕ ਨੂੰ ਮੁੜ੍ਹ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਘਰ-ਘਰ ਵਿੱਚ ਰਾਸ਼ਨ ਵੰਡਣਾ**

***1045(ਸੀ.ਯੂ.) ਸ਼੍ਰੀ. ਅਮਰਿੰਦਰ ਸਿੰਘ ਰਾਜਾ ਵੜਿੰਗ:-**

ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਘਰ-ਘਰ ਰਾਸ਼ਨ ਸਕੀਮ ਲਈ ਕਿੰਨੀ ਰਕਮ ਰਾਖਵੀਂ ਰੱਖੀ ਗਈ ਸੀ ਅਤੇ ਇਹ ਰਾਸ਼ਨ ਹੁਣ ਤੱਕ ਕਿੰਨੇ ਘਰਾਂ ਵਿੱਚ ਪਹੁੰਚਾਇਆ ਗਿਆ;

ਅ) ਕੀ ਰਾਸ਼ਨ ਘਰ-ਘਰ ਵੰਡਣ ਦੀ ਥਾਂ ਇੱਕੋ ਜਗ੍ਹਾ ਵੰਡਿਆ ਗਿਆ ਸੀ; ਜੇਕਰ ਹਾਂ ਤਾਂ ਇਸ ਸਬੰਧੀ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ;

ੲ)  ਸਰਕਾਰ ਵੱਲੋਂ ਘਰ-ਘਰ ਰਾਸ਼ਨ ਪਹੁੰਚਾਉਣ ਲਈ ਹਰ ਮਹੀਨੇ ਕਿੰਨਾ ਖਰਚ ਕੀਤਾ ਜਾ ਰਿਹਾ ਹੈ ਅਤੇ ਠੇਕਾ ਕਿਸ ਕੰਪਨੀ ਨੂੰ ਦਿੱਤਾ ਗਿਆ ਹੈ; ਕੰਪਨੀ ਦੇ ਨਾਮ ਸਹਿਤ ਵਿਸਤ੍ਰਿਤ ਜਾਣਕਾਰੀ ਦਿੱਤੀ ਜਾਵੇ?

ਹਲਕਾ ਲੁਧਿਆਣਾ ਦੱਖਣੀ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨਾ

***1046(ਸੀ.ਯੂ.) ਸ਼੍ਰੀਮਤੀ ਰਾਜਿੰਦਰ ਪਾਲ ਕੌਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਲੁਧਿਆਣਾ ਦੱਖਣੀ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦੇ ਕੋਈ ਪੁਖਤਾ ਪ੍ਰਬੰਧ ਨਹੀਂ ਹਨ, ਜਿਸ ਕਾਰਨ ਸਥਾਨਕ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਇਸ ਸਮੱਸਿਆ ਦਾ ਹੱਲ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਹਲਕਾ ਲੁਧਿਆਣਾ ਦੱਖਣੀ ਵਿਖੇ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਨੂੰ ਉੱਚਾ ਚੁੱਕਣਾ

***1048(ਸੀ.ਯੂ.) ਸ਼੍ਰੀਮਤੀ ਰਾਜਿੰਦਰ ਪਾਲ ਕੌਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਲੁਧਿਆਣਾ ਦੱਖਣੀ ਵਿਖੇ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਕਾਫੀ ਸਮੇਂ ਪਹਿਲਾਂ ਪਾਈਆਂ ਗਈਆਂ ਸਨ, ਜੋ ਕਿ ਹੁਣ ਲਗਭਗ 6 ਫੁੱਟ ਡੂੰਘੀਆਂ ਹੋ ਚੁੱਕੀਆਂ ਹਨ, ਜਿਸ ਕਾਰਨ ਸਥਾਨਕ ਲੋਕਾਂ ਨੂੰ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਹਲਕਾ ਲੁਧਿਆਣਾ ਦੱਖਣੀ ਵਿਖੇ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਨੂੰ ਉੱਚਾ ਚੁੱਕਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਲੁਧਿਆਣਾ ਦੱਖਣੀ ਵਿਖੇ ਅਣ-ਅਧਿਕਾਰਿਤ ਕਲੌਨੀਆਂ ਵਿੱਚ ਸੀਵਰੇਜ ਅਤੇ ਪਾਣੀ ਦੀ ਸਮੱਸਿਆ ਦਾ ਹੱਲ ਕਰਨਾ

***1049(ਸੀ.ਯੂ.) ਸ਼੍ਰੀਮਤੀ ਰਾਜਿੰਦਰ ਪਾਲ ਕੌਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਦੱਖਣੀ ਵਿਖੇ ਅਣ-ਅਧਿਕਾਰਿਤ ਕਲੌਨੀਆਂ ਵਿੱਚ ਸੀਵਰੇਜ ਦੇ ਪਾਣੀ ਦੀ ਬਹੁਤ ਸਮੱਸਿਆ ਹੈ, ਕਲੌਨੀਆਂ ਵਿੱਚ ਅਬਾਦੀ ਵੱਧ ਜਾਣ ਕਾਰਨ ਅਤੇ ਪਾਣੀ ਦੀ ਵਰਤੋਂ ਵੱਧ ਹੋਣ ਕਾਰਨ ਹਮੇਸ਼ਾ ਪਾਣੀ ਭਰਿਆ ਰਹਿੰਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਲੋਕਾਂ ਦੀ ਇਸ ਸਮੱਸਿਆ ਦੇ ਹੱਲ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਲੁਧਿਆਣਾ ਦੱਖਣੀ ਵਿੱਚੋਂ ਲੰਘਦੀ ਗਿੱਲ ਨਹਿਰ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ

***1050(ਸੀ.ਯੂ.) ਸ਼੍ਰੀਮਤੀ ਰਾਜਿੰਦਰ ਪਾਲ ਕੌਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਦੱਖਣੀ ਵਿੱਚੋਂ ਲੰਘਦੀ ਗਿੱਲ ਨਹਿਰ ਵਿੱਚ ਸਥਾਨਕ ਲੋਕਾਂ ਵੱਲੋਂ ਰੋਜਾਨਾ ਸੁੱਟੇ ਜਾਂਦੇ ਕੂੜੇ ਕਰਕਟ ਕਾਰਨ ਨਹਿਰ ਦੀ ਹੋ ਰਹੀ ਦੂਸ਼ਿਤ ਹਾਲਤ ਨੂੰ ਬਚਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਬੰਗਾ ਸ਼ਹਿਰ ਦੇ ਸੀਵਰੇਜ਼ ਨੂੰ ਸੁਚਾਰੂ ਢੰਗ ਨਾਲ ਸ਼ੁਰੂ ਕਰਨਾ

***1053(ਸੀ.ਯੂ.) ਡਾ. ਸੁਖਵਿੰਦਰ ਕੁਮਾਰ ਸੁੱਖੀਃ-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਦੱਸਣਗੇ ਕਿ:-

**ੳ**) ਕੀ ਇਹ ਠੀਕ ਹੈ ਕਿ ਨਗਰ ਕੌਂਸਲ, ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੀ ਹਦੂਦ ਅੰਦਰ ਪੈਂਦੇ ਬੰਗਾ ਸ਼ਹਿਰ/ਏਰੀਏ ਦੇ ਸੀਵਰੇਜ਼ ਦੀਆਂ ਪਾਈਪਾਂ ਵਿਚੋਂ ਪਾਣੀ ਦੀ ਨਿਕਾਸੀ ਸੁਚਾਰੂ ਢੰਗ ਨਾਲ ਨਾ ਹੋਣ ਕਾਰਨ ਸ਼ਹਿਰ ਦੇ ਸੀਵਰੇਜ਼ ਪਾਈਪ ਭਰੇ ਰਹਿੰਦੇ ਹਨ ਅਤੇ ਓਵਰ ਫਲੋਅ ਹੋ ਰਹੇ ਹਨ;

**ਅ**) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਬੰਗਾ ਸ਼ਹਿਰ ਦੇ ਸੀਵਰੇਜ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਕੋਆਪ੍ਰੇਟਿਵ ਸੁਸਾਇਟੀਆਂ ਵੱਲੋਂ ਆਮ ਲੋਕਾਂ ਨੂੰ ਵੀ ਨਾਨ-ਐਗਰੀਕਲਚਰ ਲੋਨ ਦੇਣਾ**

***1055(ਸੀ.ਯੂ.) ਡਾ. ਨਛੱਤਰ ਪਾਲਃ-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ  ਕੀ ਇਹ ਠੀਕ ਹੈ ਕਿ ਕੋਆਪ੍ਰੇਟਿਵ ਸੁਸਾਇਟੀਆਂ ਵੱਲੋਂ ਸੁਸਾਇਟੀਆਂ ਦੇ ਮੈਂਬਰਾਂ ਨੂੰ 3% ਤੋਂ 4% ਵਿਆਜ ਤੇ ਐਗਰੀਕਲਚਰ ਲੋਨ ਅਤੇ 13% ਤੇ ਨਾਨ-ਐਗਰੀਕਲਚਰ ਲੋਨ ਦਿੱਤਾ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਆਮ ਲੋਕਾਂ ਨੂੰ ਵੀ 3% ਤੋਂ 4% ਵਿਆਜ ਤੇ ਨਾਨ-ਐਗਰੀਕਲਚਰ ਲੋਨ ਦੇਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਾਲ 2022-23 ਅਤੇ 2023-24 (ਹੁਣ ਤੱਕ) ਰਾਜ ਵਿੱਚ ਤੰਬਾਕੂ ਉਤਪਾਦਾਂ ਦੀ ਵਿਕਰੀ ਤੋਂ ਪ੍ਰਾਪਤ ਟੈਕਸ ਦੇ ਵੇਰਵੇ**

***1057(ਸੀ.ਯੂ.) ਸ੍ਰੀ. ਅਵਤਾਰ ਸਿੰਘ ਜੂਨੀਅਰਃ-**

ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਸਰਕਾਰ ਦੁਆਰਾ ਸਾਲ 2022-23 ਅਤੇ 2023-24 (ਹੁਣ ਤੱਕ) ਰਾਜ ਵਿੱਚ ਤੰਬਾਕੂ ਉਤਪਾਦਾਂ ਦੀ ਵਿਕਰੀ ਤੋਂ ਸਾਲ-ਵਾਰ ਕੁੱਲ ਕਿੰਨੀ ਟੈਕਸ ਰਕਮ ਪ੍ਰਾਪਤ ਕੀਤੀ ਗਈ;

ਅ) ਰਾਜ ਸਰਕਾਰ ਵੱਲੋਂ ਸਾਲ 2022-23 ਅਤੇ 2023-24 (ਹੁਣ ਤੱਕ) ਉਪਰੋਕਤ ਵਰਣਿਤ ਰਕਮ ਵਿੱਚੋਂ ਕੈਂਸਰ ਰੋਗੀਆਂ ਦੀ ਮਦਦ ਲਈ ਬਜਟ ਵਿੱਚ ਉਪਬੰਧ ਕੀਤੀ ਗਈ ਸਾਲ-ਵਾਰ ਕੁੱਲ ਕਿੰਨੀ ਰਕਮ ਮੁਹੱਈਆ ਕਰਵਾਈ ਗਈ ਅਤੇ ਇਹਨਾਂ ਸਾਲਾਂ ਦੌਰਾਨ ਰੋਗੀਆਂ ਨੂੰ ਕਿੰਨੀ ਰਕਮ ਵੰਡੀ ਗਈ?

**ਪੰਜਾਬ ਦੇ ਕਿਸਾਨਾਂ ਨੂੰ ਮੂੰਗੀ ਦੀ ਦਾਲ ਤੇ ਦਿੱਤੀ ਐਮ.ਐਸ.ਪੀ. ਦੇ ਵੇਰਵੇ**

***1059(ਸੀ.ਯੂ.) ਸ੍ਰੀ. ਅਵਤਾਰ ਸਿੰਘ ਜੂਨੀਅਰਃ-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਪੰਜਾਬ ਵਿੱਚ ਮੂੰਗੀ ਦਾਲ ਦੀ ਕਾਸ਼ਤ ਅਧੀਨ ਜ਼ਿਲ੍ਹਾ-ਵਾਰ ਕੁੱਲ ਕਿੰਨਾ ਖੇਤਰ ਆਉਂਦਾ ਹੈ ਅਤੇ ਸਾਲ 2022-23 ਅਤੇ 2023-24 ਦੌਰਾਨ ਇਸ ਦਾ ਕਿੰਨਾ ਉਤਪਾਦਨ ਹੋਇਆ;

**ਅ**) ਕੀ ਰਾਜ ਸਰਕਾਰ ਨੇ ਉਪਰੋਕਤ ਮੂੰਗੀ ਦਾਲ ਦੀ ਖਰੀਦ ਐਮ.ਐਸ.ਪੀ ਉੱਤੇ ਕੀਤੀ ਹੈ; ਜੇਕਰ ਹਾਂ ਤਾਂ ਇਸ ਦੀ ਮਾਤਰਾ ਕਿੰਨੀ ਹੈ ਅਤੇ ਇਹਨਾਂ ਸਾਲਾ ਦੌਰਾਨ ਉਹਨਾਂ ਨੂੰ ਕਿੰਨੀ ਐਮ.ਐਸ.ਪੀ ਦਿੱਤੀ ਗਈ;

**ੲ**) ਰਾਜ ਸਰਕਾਰ ਵੱਲੋਂ ਕਿਸਾਨਾਂ ਨੂੰ ਮੂੰਗੀ ਦਾਲ ਦੀ ਖਰੀਦ ਲਈ 2022-23 ਅਤੇ 2023-24 ਦੌਰਾਨ ਸਾਲ-ਵਾਰ ਕੁੱਲ ਕਿੰਨੀ ਐਮ.ਐਸ.ਪੀ ਦਿੱਤੀ ਗਈ?

**ਹਲਕਾ ਮੋਗਾ ਵਿਖੇ ਚੱਲ ਰਹੀ ਪਲੇਠੀ ਨੂੰ ਹੋਰ ਜਗ੍ਹਾ ਤਬਦੀਲ ਕਰਨਾ**

***1060(ਸੀ.ਯੂ.) ਡਾ. ਅਮਨਦੀਪ ਕੌਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਕੀ ਇਹ ਠੀਕ ਹੈ ਕਿ ਮੋਗਾ ਵਿਖੇ ਚੱਲ ਰਹੀ ਪਲੇਠੀ ਜੋ ਕਿ ਗਾਂਧੀ ਰੋਡ ਦੇ ਨਜ਼ਦੀਕ ਹੈ, ਇਸ ਦੇ ਨੇੜੇ ਵਿੱਦਿਅਕ ਸੰਸਥਾਵਾਂ ਅਤੇ ਰਿਹਾਇਸ਼ੀ ਇਲਾਕਾ ਹੋਣ ਕਾਰਨ ਰੋਜਾਨਾ ਟ੍ਰੈਫਿਕ ਦੀ ਸਮੱਸਿਆ ਅਤੇ ਦੁਰਘਟਨਾਵਾਂ ਹੋ ਰਹੀਆਂ ਹਨ;

**ਅ**) ਜੇਕਰ ਅਜਿਹਾ ਹੈ ਤਾਂ ਲੋਕਾਂ ਦੀ ਇਸ ਸਮੱਸਿਆਂ ਨੂੰ ਦੇਖਦੇ ਹੋਏ, ਇਸ ਨੂੰ ਤਬਦੀਲ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਰਾਜ ਵਿੱਚ ਈ.ਡਬਲਿਊ.ਐਸ. ਤਹਿਤ ਬਣਾਏ ਘਰਾਂ ਦੀ ਗਿਣਤੀ**

***1064(ਸੀ.ਯੂ.) ਸ. ਅਜੀਤਪਾਲ ਸਿੰਘ ਕੋਹਲੀ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਰਾਜ ਵਿੱਚ ਇਸ ਸਮੇਂ ਈ.ਡਬਲਿਊ.ਐਸ. ਤਹਿਤ ਕਿੰਨੇ ਘਰ ਬਣਾਏ ਗਏ ਹਨ;

ਅ) ਉਪਰੋਕਤ ਭਾਗ ੳ ਵਿੱਚ ਦਰਸਾਏ ਅਨੁਸਾਰ ਜ਼ਿਲ੍ਹਾ ਪਟਿਆਲਾ ਵਿਖੇ ਕਿੰਨੇ ਘਰ ਬਣਾਏ ਗਏ ਹਨ ਅਤੇ ਕਿੱਥੇ ਕਿੱਥੇ ਬਣਾਏ ਗਏ ਹਨ;

ੲ) ਵਿੱਤੀ ਸਾਲ 2024-25 ਦੌਰਾਨ ਪਟਿਆਲਾ ਜ਼ਿਲ੍ਹੇ ਵਿੱਚ ਉਪਰੋਕਤ ਕਿੰਨੇ ਘਰ ਕਿੱਥੇ ਕਿੱਥੇ ਬਣਾਉਣ ਦੀ ਤਜਵੀਜ਼ ਹੈ;

ਸ) ਕੀ ਉਪਰੋਕਤ ਅ ਵਿੱਚ ਦਰਸਾਏ ਅਨੁਸਾਰ ਸਾਰੇ ਘਰ ਲੋੜਵੰਦ ਪਰਿਵਾਰਾਂ ਨੂੰ ਦੇ ਕੇ ਆਕੂਪਾਈ ਕਰਵਾ ਦਿੱਤੇ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਆਰਗਨ ਡੋਨੈਟ ਪਾਲਿਸੀ ਬਣਾਉਣਾ**

***1065(ਸੀ.ਯੂ.) ਸ. ਅਜੀਤਪਾਲ ਸਿੰਘ ਕੋਹਲੀ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਰਾਜ ਵਿੱਚ organ donation policy ਕੀ ਹੈ; ਵੇਰਵੇ ਦਿੱਤੇ ਜਾਣ;

**ਅ**) ਉਪਰੋਕਤ ਭਾਗ (ੳ) ਵਿੱਚ ਦਰਸਾਏ ਅਨੁਸਾਰ ਪਿਛਲੇ ਦੋ ਸਾਲਾਂ ਵਿੱਚ ਰਾਜ ਵਿੱਚ ਕਿੰਨੀਆਂ ਅਰਜੀਆਂ ਆਈਆਂ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਅਰਜੀਆਂ ਤਹਿਤ organ donate ਕੀਤੇ ਗਏ;

**ੲ**) ਕੀ ਸਰਕਾਰ ਦੀ ਉਕਤ ਭਾਗ (ੳ) ਵਿੱਚ ਦਰਸਾਏ ਅਨੁਸਾਰ ਨਵੀਂ ਪਾਲਿਸੀ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਰਾਜ ਦੇ ਸ਼ਹਿਰਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣਾ**

***1066(ਸੀ.ਯੂ.) ਸ. ਅਜੀਤਪਾਲ ਸਿੰਘ ਕੋਹਲੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ**) ਰਾਜ ਵਿੱਚ ਕਿੰਨੇ ਸ਼ਹਿਰ ਪੂਰੀ ਤਰ੍ਹਾਂ ਸੀ.ਸੀ.ਟੀ.ਵੀ. ਕੈਮਰਿਆਂ ਤਹਿਤ ਕਵਰ ਕੀਤੇ ਜਾ ਚੁੱਕੇ ਹਨ;

**ਅ**) ਕੀ ਇਹ ਸਾਰੇ ਸੀ.ਸੀ.ਟੀ.ਵੀ. ਕੈਮਰੇ ਚਾਲੂ ਹਾਲਤ ਵਿੱਚ ਹਨ ਅਤੇ ਇਹ ਕੈਮਰੇ ਕਿਹੜੇ-ਕਿਹੜੇ ਕਾਰਜਾਂ ਲਈ ਵਰਤੇ ਜਾ ਰਹੇ ਹਨ ;

**ੲ**) ਸਰਕਾਰ ਵੱਲੋਂ ਰਾਜ ਦੇ ਕਿਹੜੇ-ਕਿਹੜੇ ਸ਼ਹਿਰ ਡਾਰਕ ਜ਼ੋਨ ਡਿਕਲੇਅਰ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਨਹੀਂ ਹਨ;

**ਸ**) ਬਾਕੀ ਰਹਿੰਦੇ ਸ਼ਹਿਰਾਂ ਵਿੱਚ ਕਦੋਂ ਤੱਕ ਸੀ.ਸੀ.ਟੀ.ਵੀ. ਕੈਮਰੇ ਲਗਾ ਕੇ ਰਾਜ ਨੂੰ ਪੂਰੀ ਤਰ੍ਹਾਂ ਇਨ੍ਹਾਂ ਅਧੀਨ ਕਰ ਦਿੱਤਾ ਜਾਵੇਗਾ?

**ਰਾਜ ਦੇ ਫਾਇਰ ਬ੍ਰਿਗੇਡ ਸਟੇਸ਼ਨਾਂ ਦੇ ਵੇਰਵੇ**

***1070(ਸੀ.ਯੂ.) ਸ. ਅਜੀਤਪਾਲ ਸਿੰਘ ਕੋਹਲੀ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਰਾਜ ਵਿੱਚ ਇਸ ਸਮੇਂ ਕਿੰਨੇ ਫਾਇਰ ਬ੍ਰਿਗੇਡ ਸਟੇਸ਼ਨ ਹਨ ਅਤੇ ਕਿੰਨੇ ਫਾਇਰ ਬ੍ਰਿਗੇਡ ਸਟੇਸ਼ਨ ਇਸ ਸਮੇਂ ਵਰਕਿੰਗ ਹਾਲਤ ਵਿੱਚ ਹਨ ਅਤੇ ਕਿੱਥੇ-ਕਿੱਥੇ ਹਨ;

**ਅ**) ਇਨ੍ਹਾਂ ਵਿਚੋਂ ਫਾਇਰ ਬ੍ਰਿਗੇਡ ਦੀਆਂ ਕਿੰਨੀਆਂ ਅਸਾਮੀਆਂ ਹਨ ਅਤੇ ਕੀ ਇਹ ਸਾਰੀਆਂ ਭਰੀਆਂ ਹੋਈਆਂ ਹਨ; ਜੇਕਰ ਨਹੀਂ ਤਾਂ ਇਹ ਅਸਾਮੀਆਂ ਕਿੱਥੇ-ਕਿੱਥੇ ਖਾਲੀ ਹਨ;

**ੲ**) ਕੀ ਸਰਕਾਰ ਸਮੁੱਚੇ ਪੰਜਾਬ ਦੇ ਸਮੂਹ ਕਾਰਪੋਰੇਸ਼ਨਾਂ/ਕੌਂਸਲਾਂ ਵਿੱਚ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਅਸਾਮੀਆਂ ਆਉਂਦੇ ਵਿੱਤੀ ਸਾਲ ਵਿੱਚ ਪੂਰਾ ਕਰੇਗੀ;

**ਸ**) ਕੀ ਸਰਕਾਰ ਰਾਜ ਦੇ ਸਾਰੇ ਸ਼ਹਿਰਾਂ ਦੇ ਅੰਦਰੂਨੀ ਹਿੱਸੇ ਜਿਹੜੇ ਕਿ ਬਹੁਤ ਜ਼ਿਆਦਾ ਤੰਗ ਗਲੀਆਂ ਅਤੇ ਸੜਕਾਂ ਹਨ, ਉਥੇ ਫਾਇਰ ਬ੍ਰਿਗੇਡ ਦੀਆਂ ਛੋਟੀਆਂ ਗੱਡੀਆਂ ਪਹੁੰਚਾਉਣ ਲਈ ਇਨ੍ਹਾਂ ਦੀ ਖਰੀਦ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਮਜੀਠਾ ਰੋਡ ਤੇ ਅਧਿਕਾਰਤ ਅਤੇ ਅਣਅਧਿਕਾਰਤ ਖੋਖਿਆਂ (Kiosk) ਦੇ ਵੇਰਵੇ**

***1072(ਸੀ.ਯੂ.) ਸ਼੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਅੰਮ੍ਰਿਤਸਰ ਉੱਤਰੀ ਹਲਕੇ ਵਿੱਚ ਪੈਂਦੇ ਮਜੀਠਾ ਰੋਡ ਤੇ ਕਿੰਨੇ ਅਧਿਕਾਰਤ (Authorised) ਅਤੇ ਕਿੰਨੇ ਅਣਅਧਿਕਾਰਤ (unauthorised) ਖੋਖੇ (Kiosk) ਬਣੇ ਹੋਏ ਹਨ; ਇਸਦਾ ਪੂਰਨ ਵੇਰਵਾ ਦਿੱਤਾ ਜਾਵੇ ਜਿਸ ਵਿੱਚ proprietor ਦਾ ਨਾਂ, ਪਤਾ, ਫੋਨ ਨੰਬਰ ਅਤੇ ਬਿਜਨੈਸ ਦੀ ਕਿਸਮ ਦਾ ਵੇਰਵਾ ਹੋਵੇ;

**ਅ**) ਅਧਿਕਾਰਤ ਖੋਖੇ ਬਣਾਉਣ ਦਾ ਕੀ ਕ੍ਰਾਈਟੇਰੀਆ ਹੈ; ਇਸ ਨਾਲ ਸਬੰਧਤ ਨੋਟੀਫਿਕੇਸ਼ਨ, ਰੂਲ, ਆਰਡਰ ਦੀ ਕਾਪੀ ਦਿੱਤੀ ਜਾਵੇ?

**ਕੰਡੀ ਕੈਨਾਲ ਨਹਿਰ ਦੇ ਕਿਨਾਰੇ ਅਤੇ ਸੜਕ ਬਣਾਉਣਾ**

***1074(ਸੀ.ਯੂ.) ਸ. ਕਰਮਬੀਰ ਸਿੰਘ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਤਲਵਾੜਾ ਤੋਂ ਬਲਾਚੌਰ ਤੱਕ ਕੰਡੀ ਕੈਨਾਲ ਨਹਿਰ ਦਾ ਨਿਰਮਾਣ ਕੀਤਾ ਹੈ, ਪਰ ਨਹਿਰ ਦੇ ਕਿਨਾਰੇ ਨਹੀਂ ਹਨ, ਅਤੇ ਨਾ ਹੀ ਨਵਾਂ ਰਸਤਾ ਬਣਾਇਆ ਗਿਆ ਹੈ, ਜਿਸ ਨਾਲ ਹਰ ਰੋਜ਼ ਦੁਰਘਟਨਾਵਾਂ ਹੋ ਰਹੀਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਇਸ ਦੇ ਕਿਨਾਰੇ ਅਤੇ ਸੜਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਕੰਮ ਸ਼ੁਰੂ ਹੋਵੇਗਾ?

**ਕਮਾਹੀ ਦੇਵੀ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ/ਸਟਾਫ ਦੀਆਂ ਅਸਾਮੀਆਂ ਭਰਨਾ**

***1075(ਸੀ.ਯੂ.) ਸ. ਕਰਮਬੀਰ ਸਿੰਘ:-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਦਸੂਹਾ ਦੇ ਕਮਾਹੀ ਦੇਵੀ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਅਤੇ ਸਟਾਫ ਦੀਆਂ ਕੁੱਲ ਕਿੰਨੀਆਂ ਅਸਾਮੀਆਂ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਭਰੀਆਂ ਹੋਈਆਂ ਹਨ;

**ਅ**) ਕੀ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹੰਡੇਸਰਾ ਨੂੰ ਸਬ-ਤਹਿਸੀਲ ਬਣਾਉਣਾ**

***1076(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਮਾਲ ਤੇ ਮੁੜ ਵਸੇਬਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਵਿੱਚ ਹੰਡੇਸਰਾ ਨੂੰ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ ?

**ਹੰਡੇਸਰਾ ਵਿਖੇ ਸ਼ੂਗਰ ਮਿੱਲ ਲਗਾਉਣਾ**

***1077(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਵਿੱਚ ਹੰਡੇਸਰਾ ਵਿਖੇ ਸ਼ੂਗਰ ਮਿੱਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹਲਕਾ ਡੇਰਾਬੱਸੀ ਵਿਖੇ ਸਾਇੰਸ ਸੈਂਟਰ ਖੋਲ੍ਹਣਾ**

***1079(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੁਸਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਦੀ ਨਿਗਰਾਨੀ ਤਹਿਤ ਹਲਕਾ ਡੇਰਾਬੱਸੀ ਵਿਖੇ ਸਾਇੰਸ ਸੈਂਟਰ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਤਾਜ਼ਾ ਸਥਿਤੀ ਕੀ ਹੈ; ਜੇਕਰ ਨਹੀਂ ਤਾਂ ਹਲਕਾ ਡੇਰਾਬੱਸੀ ਵਿਖੇ ਸਾਇੰਸ ਸੈਂਟਰ ਕਦੋਂ ਤੱਕ ਸ਼ੁਰੂ ਕਰਵਾ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਜੀਰਕਪੁਰ ਵਿਚੋਂ ਨਜਾਇਜ਼ ਕਬਜ਼ੇ ਹਟਾਉਣਾ**

***1080(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ;-

**ੳ**) ਹਲਕਾ ਡੇਰਾਬੱਸੀ ਦੇ ਜੀਰਕਪੁਰ ਵਿਖੇ ਕੁੱਲ ਕਿੰਨੀ ਸਰਕਾਰੀ ਜਗ੍ਹਾ ਉਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ; ਵੇਰਵੇ ਸਹਿਤ ਦੱਸਿਆ ਜਾਵੇ;

**ਅ**) ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਹਟਵਾਉਣ ਲਈ ਸਰਕਾਰ ਕੀ ਕਾਰਵਾਈ ਕਰ ਰਹੀ ਹੈ ਅਤੇ ਇਹ ਨਜਾਇਜ਼ ਕਬਜ਼ੇ ਕਦੋਂ ਤੱਕ ਛੁਡਵਾ ਦਿੱਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ?

**ਬਲਟਾਣਾ ਪੁਲਿਸ ਚੌਂਕੀ ਨੂੰ ਥਾਣਾ ਬਣਾਉਣਾ**

***1082(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੀਰਕਪੁਰ ਵਿਖੇ ਪੈਂਦੀ ਬਲਟਾਣਾ ਪੁਲਿਸ ਚੌਂਕੀ ਨੂੰ ਥਾਣਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਬਲਟਾਣਾ ਪੁਲਿਸ ਚੌਂਕੀ ਨੂੰ ਕਦੋਂ ਤੱਕ ਥਾਣੇ ਵਜੋਂ ਅਪਗਰੇਡ ਕਰ ਦਿੱਤਾ ਜਾਵੇਗਾ?

**ਹਲਕਾ ਡੇਰਾਬੱਸੀ ਵਿਖੇ ਗਰੀਨ ਫੀਲਡ ਐਕਸਪ੍ਰੈਸ ਵੇਅ ਤਹਿਤ ਪਿੰਡਾਂ ਦੀ ਐਕੁਆਇਰ ਕੀਤੀ ਜ਼ਮੀਨ ਦੇ ਵੇਰਵੇ**

***1083(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ)  ਕੀ ਹਲਕਾ ਡੇਰਾਬੱਸੀ ਵਿਖੇ ਗਰੀਨ ਫੀਲਡ ਐਕਸਪ੍ਰੈਸ ਵੇਅ ਤਹਿਤ ਕੁੱਲ ਕਿੰਨੇ ਪਿੰਡਾਂ ਦੀ ਜ਼ਮੀਨ ਐਕੁਆਇਰ ਹੋਈ ਹੈ;

ਅ)  ਪਿੰਡ ਰਾਜੋਮਾਜਰਾ ਤੋਂ ਸਤਾਬਗੜ੍ਹ ਏਰੀਏ ਤਹਿਤ ਪੈਂਦੇ ਪਿੰਡਾਂ ਦੀ ਜ਼ਮੀਨਾਂ ਦੇ ਅਵਾਰਡ ਕਦੋਂ ਤੱਕ ਹੋ ਜਾਣਗੇ ਅਤੇ ਸਬੰਧਤ ਲੋਕਾਂ ਨੂੰ ਕਦੋਂ ਤੱਕ ਜ਼ਮੀਨਾਂ ਦੇ ਪੈਸੇ ਮੁਹੱਈਆ ਕਰਵਾ ਦਿੱਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ ?

**ਹਲਕਾ ਡੇਰਾਬੱਸੀ ਅਧੀਨ ਪੈਂਦੇ ਘੱਗਰ ਦਰਿਆ ਵਿਖੇ ਡਿਸਿਲਟਿੰਗ ਦਾ ਕੰਮ ਕਰਵਾਉਣਾ**

***1084(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਅਧੀਨ ਪੈਂਦੇ ਘੱਗਰ ਦਰਿਆ ਵਿਖੇ ਡਿਸਿਲਟਿੰਗ ਕਰਵਾਉਣ ਦਾ ਕੰਮ ਕਦੋਂ ਤੱਕ ਸ਼ੁਰੂ ਕਰਵਾ ਦਿੱਤਾ ਜਾਵੇਗਾ ਤਾਂ ਜੋ ਬਰਸਾਤੀ ਸਮੇਂ ਦੌਰਾਨ ਆਉਂਦੇ ਹੜ੍ਹਾਂ ਕਾਰਣ  ਲੋਕਾਂ ਨੂੰ ਹੁੰਦੇ  ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਇਆ ਜਾ ਸਕੇ?

**ਜ਼ੀਰਕਪੁਰ ਸ਼ਹਿਰ ਵਿੱਚ ਪਾਰਕ ਬਣਾਉਣਾ।**

***1085(ਸੀ.ਯੂ.) ਸ. ਕੁਲਜੀਤ ਸਿੰਘ ਰੰਧਾਵਾ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ)  ਕੀ ਹਲਕਾ ਡੇਰਾਬੱਸੀ ਵਿਖੇ ਪੈਂਦੇ ਜੀਰਕਪੁਰ ਸ਼ਹਿਰ ਵਿੱਚ ਕੁੱਲ ਕਿੰਨੇ ਪਾਰਕ ਹਨ ਅਤੇ ਇਹ ਕਿਹੜੀ-ਕਿਹੜੀ ਜਗ੍ਹਾ ਉਤੇ ਸਥਿਤ ਹਨ;

ਅ)  ਕੀ ਸਰਕਾਰ ਜੀਕਰਪੁਰ ਦੀ ਵੱਧਦੀ ਅਬਾਦੀ ਦੇ ਮੱਦੇਨਜ਼ਰ ਹੋਰ ਪਾਰਕ ਬਣਾਉਣ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਉਕਤ ਪਾਰਕ ਕਦੋਂ ਤੱਕ ਸ਼ੁਰੂ ਕਰਵਾ ਦਿੱਤੇ ਜਾਣਗੇ;  ਵੇਰਵੇ ਸਹਿਤ ਦੱਸਿਆ ਜਾਵੇ ?

**ਹਲਕਾ ਅੰਮ੍ਰਿਤਸਰ ਈਸਟ ਵਿਖੇ ਪੁਰਾਤਨ ਵਿਰਾਸਤੀ ਚਾਲੀ ਖੂਹ ਪਾਰਕ ਲਈ ਰਸਤਾ ਬਣਾਉਣਾ**

***1089(ਸੀ.ਯੂ.) ਸ਼੍ਰੀਮਤੀ ਜੀਵਨਜੋਤ ਕੌਰ:-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੌੜਾ ਫਾਟਕ ਵਿਖੇ ਅੰਡਰ ਪਾਸ ਬਣਾਉਣ ਸਮੇਂ ਹਲਕਾ ਅੰਮ੍ਰਿਤਸਰ ਈਸਟ ਵਿਖੇ ਪੁਰਾਤਨ ਵਿਰਾਸਤ ਚਾਲੀ ਖੂਹ ਪਾਰਕ ਲਈ ਕੋਈ ਰਸਤਾ ਨਹੀਂ ਦਿੱਤਾ ਗਿਆ, ਜਿਸ ਨਾਲ ਲੋਕਾਂ ਨੂੰ ਇਸ ਵਿਰਾਸਤੀ ਪਾਰਕ ਨੂੰ ਜਾਣ ਲਈ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ  ਇਸ ਵਿਰਾਸਤ ਦੀ ਸਾਂਭ ਸੰਭਾਲ ਅਤੇ ਇਸ ਪਾਰਕ ਲਈ ਅੰਡਰ ਪਾਸ ਵਿੱਚੋਂ ਇੱਕ ਰਸਤਾ ਦੇਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਹਲਕਾ ਅੰਮ੍ਰਿਤਸਰ ਦੱਖਣੀ ਵਿਖੇ ਬੱਕਰ ਮੰਡੀ ਨੂੰ ਸ਼ਿਫਟ ਕਰਨਾ।**

***1090(ਸੀ.ਯੂ.) ਸ਼੍ਰੀਮਤੀ ਜੀਵਨਜੋਤ ਕੌਰः-**

ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਅੰਮ੍ਰਿਤਸਰ ਦੱਖਣੀ ਵਿਖੇ ਬੱਕਰ ਮੰਡੀ ਕਾਰਪੋਰੇਸ਼ਨ ਦੀ ਜਗ੍ਹਾ ਤੇ ਨਜਾਇਜ ਚਲ ਰਹੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਇਸ ਨੂੰ ਪਸ਼ੂ ਮੰਡੀ ਵਿਖੇ ਚਲਾਇਆ ਜਾਣਾ ਚਾਹੀਦਾ ਹੈ;

ੲ) ਕੀ ਇਸ ਮੰਡੀ ਤੋਂ ਕੋਈ ਰੇਵੇਨਿਊ ਸਰਕਾਰ ਨੂੰ ਪ੍ਰਾਪਤ ਹੁੰਦਾ ਹੈ;

ਸ) ਕੀ ਉਪਰੋਕਤ ਵਰਣਿਤ ਬੱਕਰ ਮੰਡੀ ਨੂੰ ਹਲਕਾ ਅੰਮ੍ਰਿਤਸਰ ਪੂਰਬੀ ਦੀ ਪਸ਼ੂ ਮੰਡੀ ਵਿਖੇ ਸ਼ਿਫਟ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ ;ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

**ਗ੍ਰਾਮ ਪੰਚਾਇਤ ਕਠਿਆਲਾ, ਬਲਾਕ ਧਿਆਨਪੁਰ ਦੁਆਰਾ ਪ੍ਰਾਪਤ ਫੰਡਾਂ ਦੇ ਵੇਰਵੇ**

***1093(ਸੀ.ਯੂ.) ਸ. ਸੁਖਜਿੰਦਰ ਸਿੰਘ ਰੰਧਾਵਾः-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਵਸ ਮੌਕੇ ਗ੍ਰਾਮ ਪੰਚਾਇਤ ਕਠਿਆਲਾ, ਬਲਾਕ ਧਿਆਨਪੁਰ ਜ਼ਿਲ੍ਹਾ ਗੁਰਦਾਸਪੁਰ ਦੁਆਰਾ ਕਿੰਨੇ ਫੰਡਜ਼ ਪ੍ਰਾਪਤ ਕੀਤੇ ਗਏ ਸਨ;

ਅ) 14ਵੇਂ ਅਤੇ 15ਵੇਂ ਵਿੱਤ ਕਮਿਸ਼ਨ ਦੌਰਾਨ ਕਿੰਨੀ ਗ੍ਰਾਂਟ ਪ੍ਰਾਪਤ ਹੋਈ ;

ੲ) ਪਿੱਛਲੇ 6 ਵਿੱਤੀ ਸਾਲਾਂ ਦੌਰਾਨ ਪੰਚਾਇਤੀ ਜ਼ਮੀਨ ਦੀ ਬੋਲੀ ਤੋਂ ਕਿੰਨੀ ਆਮਦਨ ਹੋਈ;

ਸ) ਉਪਰੋਕਤ ਵਰਣਿਤ ਗ੍ਰਾਂਟਾਂ ਦੀ ਮਿਤੀ ਅੰਤ ਤੱਕ ਹਰੇਕ ਕੇਸ ਵਿੱਚ (ਗ੍ਰਾਂਟ-ਵਾਰ) ਅਤੇ ਆਈਟਮ-ਵਾਰ ਕੀਤੇ ਖਰਚੇ ਦੇ ਵੇਰਵੇ ਕੀ ਹਨ?

**ਪਿੰਡ ਖੁਈਆਂ ਸਰਵਰ ਅਤੇ ਪਿੰਡ ਹਰੀਪੁਰ ਦੇ ਵਾਟਰ ਵਰਕਸ ਸ਼ੁਰੂ ਕਰਨਾ**

***1095(ਸੀ.ਯੂ.) ਸ਼੍ਰੀ ਸੰਦੀਪ ਜਾਖੜः-**

ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਖੁਈਆਂ ਸਰਵਰ ਅਤੇ ਪਿੰਡ ਹਰੀਪੁਰਾ ਵਿੱਚ ਨਵੇਂ ਬਣੇ ਵਾਟਰ ਵਰਕਸ, ਜੋ ਕਿ ਪਿੰਡ ਖੁਈਆਂ ਸਰਵਰ ਵਿੱਚ ਦਸੰਬਰ 2022 ਵਿੱਚ ਅਤੇ ਪਿੰਡ ਹਰੀਪੁਰਾ ਵਿੱਚ ਮਈ 2022 ਵਿੱਚ ਮੁਕੰਮਲ ਹੋਣਾ ਸੀ, ਪਿਛਲੇ ਦੋ ਸਾਲਾਂ ਤੋਂ ਬੰਦ ਹਨ; ਜੇਕਰ ਅਜਿਹਾ ਹੋਵੇ ਤਾਂ ਇਨਾਂ ਨੂੰ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ?

**ਅਬੋਹਰ ਹਲਕੇ ਦੇ ਪਿੰਡ ਸੱਪਾਂਵਾਲੀ ਵਿਖੇ ਮਲਟੀ-ਸਪੈਸ਼ਲਿਟੀ ਵੈਟਰਨਰੀ ਹਸਪਤਾਲ ਲਈ ਰਹਿੰਦਾ ਬਜ਼ਟ ਜਾਰੀ ਕਰਨਾ**

***1096(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਵੱਲੋਂ ਅਬੋਹਰ ਹਲਕੇ ਦੇ ਪਿੰਡ ਸੱਪਾਂਵਾਲੀ ਵਿਖੇ ਇੱਕ ਮਲਟੀ-ਸਪੈਸ਼ਲਿਟੀ ਵੈਟਰਨਰੀ ਹਸਪਤਾਲ ਅਤੇ ਖੇਤਰੀ ਖੋਜ ਕੇਂਦਰ, ਸੱਪਾਂਵਾਲੀ, ਅਬੋਹਰ, ਜ਼ਿਲ੍ਹਾਂ ਫ਼ਾਜ਼ਿਲਕਾ ਲਈ 62.10 ਕਰੋੜ ਰੁਪਏ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਸੀ, ਜਿਸ ਵਿੱਚੋਂ 2021 ਵਿੱਚ 10 ਕਰੋੜ ਰੁਪਏ ਜਾਰੀ ਕੀਤੇ ਗਏ ਸਨ ਅਤੇ ਸਾਲ 2022-23 ਦੇ ਬਜਟ ਵਿੱਚ 6 ਕਰੋੜ ਮਨਜ਼ੂਰ ਕੀਤਾ ਗਿਆ ਸੀ, ਪਰੰਤੂ ਮਨਜ਼ੂਰੀ ਦੇ ਬਾਵਜੂਦ ਕੁੱਝ ਵੀ ਰਕਮ ਜਾਰੀ ਨਹੀ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਸਰਕਾਰ ਦੀ ਕੀ ਯੋਜਨਾ ਹੈ ਅਤੇ ਇਹ ਕਦੋਂ ਪੂਰੀ ਹੋਵੇਗੀ?

**ਅਬੋਹਰ ਦੀ ਮੰਡੀ ਨੰਬਰ 4 ਅਤੇ 9 ਦੇ ਨਵੀਨੀਕਰਨ ਦਾ ਕੰਮ ਮੁਕੰਮਲ ਕਰਨਾ**

***1098(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਬੋਹਰ ਦੀ ਮੰਡੀ ਨੰਬਰ 4 ਅਤੇ 9 ਵਿੱਚ ਚੱਲ ਰਹੇ ਨਵੀਨੀਕਰਨ ਦਾ ਕੰਮ 2.70 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾਣਾ ਸੀ, ਜਿਸ ਵਿੱਚੋਂ 70 ਲੱਖ ਰੁਪਏ ਜਾਰੀ ਕੀਤੇ ਜਾਣੇ ਹਾਲੇ ਬਾਕੀ ਹਨ; ਜੇਕਰ ਅਜਿਹਾ ਹੋਵੇ ਤਾਂ ਬਾਕੀ ਫੰਡ ਕਦੋਂ ਜਾਰੀ ਕੀਤੇ ਜਾਣਗੇ ਅਤੇ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਹਲਕਾ ਅਬੋਹਰ ਵਿੱਚ ਆਭਾ ਪਾਰਕ ਦਾ ਕੰਮ ਮੁਕੰਮਲ ਕਰਨਾ**

***1099(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਅਬੋਹਰ ਵਿੱਚ ਆਭਾ ਪਾਰਕ ਦਾ ਚੱਲ ਰਿਹਾ ਕੰਮ ਪਿਛਲੇ ਲੰਮੇ ਸਮੇਂ ਤੋਂ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਪੂਰਾ ਹੋਵੇਗਾ ?

**ਪਿੰਡ ਕਿਲਿਆਂਵਾਲੀ ਵਿਖੇ ਨਵੇਂ ਮੱਛੀ ਫਾਰਮ ਦਾ ਨਿਰਮਾਣ ਕਾਰਜ ਪੂਰਾ ਕਰਨਾ**

***1100(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਹਲਕੇ ਦੇ ਪਿੰਡ ਕਿਲਿਆਂਵਾਲੀ ਵਿਖੇ ਨਵੇਂ ਮੱਛੀ ਫਾਰਮ/ਸਿਖਲਾਈ ਕੇਂਦਰ (ਪੂੰਗ ਮੱਛੀ) ਦਾ ਨਿਰਮਾਣ ਕਾਰਜ ਕਦੋਂ ਤੱਕ ਪੂਰਾ ਹੋ ਜਾਵੇਗਾ ?

**ਕਪਾਹ ਦੀ ਬਿਜਾਈ ਦਾ ਕੰਮ ਸ਼ੁਰੂ ਕਰਨਾ**

***1101(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਸਰਕਾਰ ਦੀ ਤਿੰਨ ਮਹੀਨਿਆਂ ਚ ਕਪਾਹ ਦੀ ਬਿਜਾਈ ਦਾ ਕੰਮ ਸ਼ੁਰੂ ਕਰਨ ਲਈ ਕਪਾਹ ਉਤਪਾਦਕਾਂ ਲਈ ਕੀ ਯੋਜਨਾ ਹੈ ਅਤੇ ਕਪਾਹ ਦੀ ਫਸਲ ਦਾ ਅੰਦਾਜ਼ਨ ਖੇਤਰ ਕਿੰਨਾ ਹੈ?

**ਪੰਜਾਬ ਮੰਡੀ ਬੋਰਡ ਅਬੋਹਰ ਅਧੀਨ ਪੈਂਡਿੰਗ ਪਈਆਂ ਸੜਕਾਂ ਦਾ ਨਵੀਨੀਕਰਨ ਕਰਨਾ**

***1102(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਪੰਜਾਬ ਮੰਡੀ ਬੋਰਡ ਅਬੋਹਰ ਅਧੀਨ ਲੰਮੇ ਸਮੇਂ ਤੋਂ ਪੈਂਡਿੰਗ ਪਈਆਂ 84.16 ਕਿਲੋਮੀਟਰ ਲੰਬੀਆਂ ਕੁੱਲ 36 ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਦਾ ਕੰਮ ਕਦੋਂ ਪੂਰਾ ਹੋਵੇਗਾ ?

**ਲਿੰਕ ਰੋਡ ਨੂੰ ਚੌੜਾ ਕਰਨਾ**

***1103(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਤੋਂ ਸ਼੍ਰੀ ਗੰਗਾਨਗਰ ਰਾਸ਼ਟਰੀ ਰਾਜਮਾਰਗ ਨੰਬਰ 62 ਤੱਕ ਦੌਲਤਪੁਰਾ (ਗਊਸ਼ਾਲਾ) ਤੋਂ ਪਿੰਡ ਦੀਵਾਨ ਖੇੜਾ ਤੱਕ ਲਿੰਕ ਰੋਡ ਨੂੰ ਚੌੜਾ ਕਰਨ ਦਾ ਕੰਮ ਕਦੋਂ ਤੱਕ ਪੂਰਾ ਹੋ ਜਾਵੇਗਾ ?

**ਭਾਖੜਾ ਬਿਆਸ ਪ੍ਰਬੰਧਨ ਬੋਰਡ ਵਿੱਚ ਕਰਮਚਾਰੀਆਂ ਦਾ ਅਨੁਪਾਤ**

***1105(ਸੀ.ਯੂ.) ਸ਼੍ਰੀ ਸੰਦੀਪ ਜਾਖੜਃ-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਭਾਖੜਾ ਬਿਆਸ ਪ੍ਰਬੰਧਨ ਬੋਰਡ ਵਿੱਚ ਪੰਜਾਬ ਤੇ ਹਰਿਆਣਾ ਦਰਮਿਆਨ ਪ੍ਰਬੰਧਨ ਕਰਮਚਾਰੀਆ ਦਾ ਅਨੁਪਾਤ ਕਿੰਨਾ ਹੈ ਅਤੇ ਪੰਜਾਬ ਦੇ ਕੋਟੇ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਹਨ;

ਅ) ਕੀ ਇਹ ਠੀਕ ਹੈ ਕਿ ਖਾਲੀ ਅਸਾਮੀਆਂ ਦੀ ਅਦਾਇਗੀ ਵੀ ਪੰਜਾਬ ਦੇ ਕੋਟੇ ਤੋਂ ਕੀਤੀ ਜਾ ਰਹੀਂ ਹੈ ?

**ਹਲਕਾ ਰੋਪੜ ਵਿੱਚ ਹੜ੍ਹਾਂ ਕਾਰਨ ਹੁੰਦੇ ਨੁਕਸਾਨ ਦਾ ਹੱਲ ਕੱਢਣਾ**

***1117(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਹਲਕੇ ਵਿੱਚ ਬੀਤੇ ਬਰਸਾਤ ਦੇ ਮੌਸਮ ਵਿੱਚ ਕਿੱਥੋਂ-ਕਿੱਥੋਂ ਜਲ ਸਰੋਤਾਂ ਦੇ ਕਿਨਾਰਿਆਂ/ਬੰਨਾਂ ਦਾ ਟੁੱਟਣਾ, ਕਿੱਥੇ-ਕਿੱਥੇ ਜਲ ਸਰੋਤਾਂ ਦੀ ਸਫਾਈ ਨਾ ਹੋਣਾ ਕਿੱਥੇ-ਕਿੱਥੇ ਪੁਲੀਆਂ ਆਦਿ ਦਾ ਬੰਦ ਹੋਣਾ ਅਤੇ ਕਿੱਥੇ-ਕਿੱਥੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਨਾ ਹੋਣ ਕਾਰਣ ਹੜ੍ਹਾਂ ਲਈ ਪਹਿਚਾਣੇ ਗਏ ਹਨ; ਇਨ੍ਹਾਂ ਕਾਰਨਾ ਦਾ ਹੱਲ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਰੋਪੜ ਹਲਕੇ ਦੀਆਂ ਪਲੈਨ ਸੜਕਾਂ ਦੇ ਵੇਰਵੇ**

***1118(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਹਲਕੇ ਵਿੱਚ ਹੁਣ ਤੱਕ ਕਿਹੜੀਆਂ-ਕਿਹੜੀਆਂ ਸੜਕਾਂ ਪਲੈਂਨ ਸੜਕਾਂ ਡਿਕਲੇਅਰ ਹਨ ਅਤੇ ਕਿਹੜੀਆਂ ਸੜਕਾਂ ਨੂੰ ਪਲੈਂਨ ਸੜਕਾਂ ਐਲਾਨਣ ਲਈ ਵਿਭਾਗ ਦੇ ਜਿਲ੍ਹਾ ਦਫਤਰ ਨੇ ਮੰਗ ਕੀਤੀ ਹੋਈ ਹੈ; ਇਸ ਮੰਗ ਨੂੰ ਪੂਰਾ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਨੂਰਪੁਰਬੇਦੀ ਅਤੇ ਤਖਤਗੜ ਦੀਆਂ ਪੱਕੀਆਂ ਦਾਣਾ ਮੰਡੀਆਂ ਦੀ ਪ੍ਰਪੋਜ਼ਲ ਦਾ ਸਟੇਟਸ**

***1119(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਲ੍ਹਾ ਰੋਪੜ ਦੇ ਨੂਰਪੁਰਬੇਦੀ ਬਲਾਕ ਵਿੱਚ ਜੋ ਨੂਰਪੁਰਬੇਦੀ ਅਤੇ ਤਖਤਗੜ ਦੀਆਂ ਪੱਕੀਆਂ ਦਾਣਾ ਮੰਡੀਆਂ ਲਈ ਪ੍ਰਪੋਜ਼ਲ ਭੇਜੀ ਗਈ ਸੀ, ਉਸਦਾ ਸਟੇਟਸ ਕੀ ਹੈ ਅਤੇ ਇਨ੍ਹਾਂ ਥਾਵਾਂ ਤੇ ਪੱਕੀਆਂ ਮੰਡੀਆਂ ਬਣਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸੂਬੇ ਵਿੱਚ ਕਿਸਾਨ ਉੂਰਜਾ ਸੁਰਕਸ਼ਾ ਉਥਾਨ ਮਹਾਂ-ਅਭਿਆਨ (ਕੁਸਮ) ਦੀ ਪ੍ਰਗਤੀ**

***1120(ਸੀ.ਯੂ.) ਸ੍ਰੀ ਦਿਨੇਸ਼ ਕੁਮਾਰ ਚੱਢਾ:-**

ਕੀ ਨਵ ਅਤੇ ਨਵਿਆਉਣਯੋਗ ਉੂਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਵਿੱਚ ਕਿਸਾਨ ਉੂਰਜਾ ਸੁਰਕਸ਼ਾ ਉਥਾਨ ਮਹਾਂ-ਅਭਿਆਨ (ਕੁਸਮ) ਯੋਜਨਾ ਦੇ ਸਾਰੇ ਕੰਪੋਨੈਂਟਾਂ ਵਿੱਚ ਲਾਗੂ ਹੋਣ ਤੋਂ ਲੈ ਕੇ ਅੱਜ ਤੱਕ ਦੀ ਕੀ ਪ੍ਰਗਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਕੰਡੀ ਏਰੀਏ ਵਾਸਤੇ ਵੱਖਰਾ ਬੋਰਡ ਬਣਾਉਣਾ**

***1141(ਸੀ.ਯੂ.) ਸ. ਕਰਮਬੀਰ ਸਿੰਘ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਦਸੂਹਾ ਹਿਮਾਚਲ ਦੇ ਬਾਰਡਰ ਦੇ ਨਾਲ ਲੱਗਦਾ ਹੈ ਅਤੇ ਜਿਆਦਾਤਰ ਹਲਕਾ ਨੀਮ ਪਹਾੜੀਆਂ ਦੇ ਵਿੱਚ ਹੈ ਅਤੇ ਪੂਰੇ ਪੰਜਾਬ ਨਾਂਲੋਂ ਹਰ ਪੱਖ ਤੋਂ ਵੱਖਰਾ ਹੈ ਅਤੇ ਕੰਡੀ ਦੇ ਇਲਾਕਿਆਂ ਦੀਆਂ ਸਮੱਸਿਆਵਾਂ ਵੀ ਦੂਜੇ ਹਲਕਿਆਂ ਨਾਲੋਂ ਅੱਲਗ ਹਨ; ਜੇਕਰ ਅਜਿਹਾ ਹੈ ਤਾਂ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕੋਈ ਵਿਕਾਸ

ਬੋਰਡ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਕਪਾਹ ਦੀ ਬਿਜਾਈ ਲਈ ਸਬਸਿਡੀ ਵਾਲੇ ਦਿੱਤੇ ਬੀਜਾਂ ਦੇ ਵੇਰਵੇ**

***1144(ਸੀ.ਯੂ.) ਸ਼੍ਰੀ ਸੰਦੀਪ ਜਾਖੜ:-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਸਾਲ ਸਰਕਾਰ ਨੇ ਕਪਾਹ ਦੀ ਬਿਜਾਈ ਲਈ ਸਬਸਿਡੀ ਵਾਲੇ ਬੀਜ ਦਿੱਤੇ ਸਨ ਪ੍ਰੰਤੂ ਉਹ ਫਸਲ ਖਰਾਬ ਨਿਕਲੀ, ਅਤੇ ਖਰਾਬ ਗੁਣਵੱਤਾ ਵਾਲੇ ਬੀਜ, ਮੌਸਮ ਦੀ ਖਰਾਬੀ, ਵਿਸਥਾਰ ਸੇਵਾਵਾਂ ਦੀ ਘਾਟ ਅਤੇ ਸੁੰਡੀ ਦੀ ਮਾਰ ਕਾਰਨ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਸਰਕਾਰ ਹੁਣ ਕਿਹੜੀ ਸਾਵਧਾਨੀ ਵਰਤ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਬਾਬਾ ਫਰੀਦ ਯੂਨੀਵਰਸਿਟੀ ਵਿਖੇ ਕੰਮ ਕਰਦੇ ਆਊਟਸੋਰਸ ਕੋਰੋਨਾ ਯੋਧੇ ਪੱਕੇ ਕਰਨਾ**

***1145(ਸੀ.ਯੂ.) ਸ. ਗੁਰਦਿੱਤ ਸਿੰਘ:-**

ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਐਂਡ ਸਾਇੰਸਿਜ਼, ਫਰੀਦਕੋਟ ਵਿਖੇ ਕੰਮ ਕਰ ਰਹੇ ਆਊਟਸੋਰਸ ਕਰਮਚਾਰੀ ਜਿੰਨਾਂ ਵਿੱਚੋਂ ਕੋਰੋਨਾ ਯੋਧਿਆਂ ਦੇ ਤੌਰ ਤੇ ਸੇਵਾਵਾਂ ਦੇ ਚੁੱਕੇ ਨਰਸਿੰਗ ਸਟਾਫ ਵੀ ਸ਼ਾਮਿਲ ਹਨ, ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਤਹਿਸੀਲ ਸੁਲਤਾਨ ਪੁਰ ਲੋਧੀ ਦੇ ਇਲਾਕੇ ਵਿੱਚ ਹੜ੍ਹਾਂ ਤੋਂ ਹੋਏ ਨੁਕਸਾਨ ਦਾ ਮੁਆਵਜ਼ਾ ਦੇਣਾ**

***1164(ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ:-**

ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਸੁਲਤਾਨਪੁਰ ਲੋਧੀ ਦੇ ਇਲਾਕੇ ਵਿੱਚ ਪਿਛਲੇ ਸਮੇਂ ਆਏ ਹੜ੍ਹਾਂ ਦੇ ਨੁਕਸਾਨ ਤੋਂ ਪ੍ਰਭਾਵਿਤ ਕਾਸ਼ਤਕਾਰਾਂ ਤੇ ਜਿਮੀਂਦਾਰਾਂ ਦੇ ਹੋਏ ਫਸਲਾਂ ਆਦਿ ਦੇ ਨੁਕਸਾਨ ਸਬੰਧੀ ਸਪੈਸ਼ਲ ਗਿਰਦਾਵਰੀ ਪੂਰੀ ਕਰਵਾ ਲਈ ਗਈ ਹੈ ਅਤੇ ਉਸ ਅਨੁਸਾਰ ਮੁਆਵਜ਼ਾ ਦੇ ਦਿੱਤਾ ਗਿਆ ਹੈ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ?

**ਨਹਿਰਾਂ/ਨਦੀਆਂ ਦੇ ਬੈੱਡ ਏਰੀਆ ਵਿੱਚ ਡੂੰਗੇ ਬੋਰ ਕਰਕੇ ਵਾਧੂ ਪਾਣੀ ਦੀ ਵਰਤੋਂ ਦੀ ਯੋਜਨਾ ਬਣਾਉਣਾ**

***1166(ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ:-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਨਹਿਰਾਂ/ਨਦੀਆਂ ਵਿੱਚ ਵੱਧ ਤੋਂ ਵੱਧ ਅਤੇ ਘੱਟ ਪਾਣੀ ਦੀ ਉਪਲਬਧਤਾ ਪੀਕ ਅਤੇ ਸਲੀਕ ਪੀਰੀਅਡਾਂ ਦੌਰਾਨ ਵੱਖ- ਵੱਖ ਕਿੰਨੀ ਹੁੰਦੀ ਹੈ;

ਅ) ਉਹ ਕਿਹੜੇ ਰਾਜ ਹਨ, ਜਿਹਨਾਂ ਨੂੰ ਉਪਰੋਕਤ ਭਾਗ (ੳ) ਵਿੱਚ ਵਰਣਿਤ ਪਾਣੀ ਵਿੱਚੋਂ ਵਾਧੂ ਹਿੱਸਾ ਦਿੱਤਾ ਜਾਂਦਾ ਹੈ;

ੲ) ਕੀ ਰਾਜ ਵਿੱਚ ਲਗਾਤਾਰ ਘੱਟ ਰਹੇ ਪਾਣੀ ਦੇ ਪੱਧਰ ਨੂੰ ਰੀਚਾਰਜ ਕਰਨ ਦੇ ਉਦੇਸ਼ ਨਾਲ ਸਬੰਧਤ ਨਹਿਰਾਂ/ਨਦੀਆਂ ਦੇ ਬੈੱਡ ਏਰੀਆ ਵਿੱਚ ਡੂੰਗੇ ਬੋਰ ਕਰਕੇ ਵਾਧੂ ਪਾਣੀ ਦੀ ਵਰਤੋਂ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ?